12

# ਮਸੀਹ ਦੀ ਲਾੜੀ

ਆਤਮਾ ਨੇ ਸਾਡੇ ਲਈ ਕਲੀਸੀਆ ਨੂੰ ਪੇਸ਼ ਕਰਨ ਲਈ ਵੱਖ-ਵੱਖ ਅਲੰਕਾਰਾਂ ਭਾਵ ਰੂਪਕਾਂ ਦੀ ਵਰਤੋਂ ਕੀਤੀ ਹੈ। ਹਰ ਅਲੰਕਾਰ ਕਿਸੇ ਖ਼ਾਸ ਗੁਣ 'ਤੇ ਜ਼ੋਰ ਦਿੰਦਾ ਹੈ। ਕਲੀਸੀਆ ਨੂੰ ਇਹਦੇ ਪ੍ਰਬੰਧ 'ਤੇ ਜੋਰ ਦੇਣ ਲਈ ਰਾਜ ਦੇ ਰੂੀ ਵਿਚ ਪੇਸ਼ ਕੀਤਾ ਗਿਆ ਹੈ। ਦੇਹ ਦੇ ਰੂਪ ਵਿਚ, ਇਹਦੀ ਏਕਤਾ 'ਤੇ ਜੋਰ ਦਿੱਤਾ ਗਿਆ ਹੈ। ਇਸ ਅਧਿਐਨ ਵਿਚ ਅਸੀਂ ਵੇਖਾਂਗੇ ਕਿ ਕਲੀਸੀਆ ਦਾ ਚਿਤਰਣ ਮਸੀਹ ਦੀ ਲਾੜੀ ਦੇ ਰੂਪ ਵਿਚ ਕੀਤਾ ਗਿਆ ਹੈ। ਇਸ ਧਾਰਨਾ ਦੀ ਸਿੱਖਿਆ ਕਈ ਆਇਤਾਂ ਵਿਚ ਮਿਲਦੀ ਹੈ ਅਤੇ ਅਸੀਂ ਉਨ੍ਹਾਂ ਵਿੱਚੋਂ ਹਰ ਆਇਤ 'ਤੇ ਧਿਆਨ ਕਰਾਂਗੇ। (ਵੇਖੋ ਯੂਹੰਨਾ 3:28-30; ਅਫ਼ਸੀਆਂ 5:22-32; ਰੋਮੀਆਂ 7:1-4; 2 ਕੁਰਿੰਥੀਆਂ 11:2।) ਕਲੀਸੀਆ 'ਤੇ ਧਿਆਨ ਕਰਨ ਨਾਲ ਇਸ ਅਲੰਕਾਰ 'ਚ ਕਈ ਸ਼ਬਦ ਸਾਫ਼ ਹੋ ਜਾਂਦੇ ਹਨ।

## ਮਸੀਹ ਨਾਲ ਵਿਆਹੇ ਜਾਣ ਦੇ ਕਦਮ

ਰਾਜ ਦੇ ਰੂਪ ਵਿਚ ਕਲੀਸੀਆ 'ਤੇ ਵਿਚਾਰ ਕਰਦਿਆਂ ਮਨਬਦਲੀ ਅਤੇ ਮਸੀਹੀ ਬਣਨ 'ਤੇ ਖ਼ੁਦਾ ਦੇ ਰਾਜ ਦੇ ਲੋਕ ਬਣਨ ਤੇ ਰੂਪਕ ਦੇ ਢੰਗ ਨਾਲ ਵਿਚਾਰ ਕਰਨਾ ਸੁਭਾਵਿਕ ਹੀ ਹੈ। ਕਲੀਸੀਆ 'ਤੇ ਇਕ ਪਰਿਵਾਰ ਦੇ ਤੌਰ ਤੇ ਵਿਚਾਰ ਕਰਨ 'ਤੇ ਸਾਡਾ ਧਿਆਨ ਇਕਦਮ ਨਵੇਂ ਜਨਮ ਵੱਲ ਚਲਾ ਜਾਂਦਾ ਹੈ। ਓਸੇ ਤਰ੍ਹਾਂ ਲਾੜੀ ਦੇ ਰੂਪ ਵਿਚ ਵਿਚਾਰ ਕਰਨ ਤੇ ਅਸੀਂ ਮਸੀਹ ਨਾਲ ਵਿਆਹੇ ਹੋਣ ਭਾਵ ਮਨਬਦਲੀ ਦੀ ਉਸ ਪ੍ਰਕਿਰਿਆ 'ਤੇ ਵਿਚਾਰ ਕਰਦੇ ਹਾਂ ਜਿਸ ਵਿਚ ਅਸੀਂ ਮਸੀਹੀ ਬਣਦੇ ਹਾਂ।

ਸਚਮੁਚ ਵਿਆਹ ਅਤੇ ਕਲੀਸੀਆ ਦੇ ਮਸੀਹ ਨਾਲ ਵਿਆਹ ਵਿਚਕਾਰ ਤੁਲਨਾ ਲਾਜਵਾਬ ਹੈ। ਬਦਲਣ ਵਾਲੇ ਨੂੰ ਪਹਿਲਾਂ ਯਿਸੂ ਵਿਚ ਵਿਸ਼ਵਾਸ ਹੋਣਾ ਜ਼ਰੂਰੀ ਹੈ। ਫਿਰ ਉਹਨੂੰ ਆਪਣੇ ਪੁਰਾਣੀ ਜ਼ਿੰਦਗੀ ਤੋਂ ਪਛਤਾ ਕੇ ਮੁੜਨਾ ਜ਼ਰੂਰੀ ਹੈ। ਉਹਦੇ ਬਾਅਦ, ਉਹਨੂੰ ਪ੍ਰਭੂ ਵਿਚ ਵਿਸ਼ਵਾਸ ਦਾ ਇਕਰਾਰ ਕਰਨਾ ਜ਼ਰੂਰੀ ਹੈ। ਫਿਰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂਅ ਵਿਚ ਬਪਤਿਸਮਾ ਲੈਣਾ ਆਉਂਦਾ ਹੈ। ਬਪਤਿਸਮੇ ਨੂੰ ਨਕਾਹ ਦੀ ਰਸਮ ਨਾਲ ਮਿਲਾਇਆ ਜਾਂਦਾ ਹੈ ਜਿਸ ਵਿਚ ਔਰਤ ਅਤੇ ਮਰਦ ਮਿਲ ਕੇ ਇਕ ਹੁੰਦੇ ਹਨ। ਨਵੇਂ ਮਸੀਹੀ ਦਾ ਪ੍ਰਭੂ ਨਾਲ ''ਵਿਆਹ'' ਉਦੋਂ ਤਕ ਮੁਕੰਮਲ ਨਹੀਂ ਹੁੰਦਾ ਜਦ ਤਕ ਉਹ ਬਪਤਿਸਮਾ ਨਹੀਂ ਲੈ ਲੈਂਦਾ (ਮਰਕੁਸ 16:16)। ਨਿਰ੍ਹਾ ਵਿਸ਼ਵਾਸ ਦੋਹਾਂ ਨੂੰ ਵਿਆਹ ਦੇ ਰਿਸ਼ਤੇ ਵਿਚ ਨਹੀਂ ਬੰਨ੍ਹਦਾ। ਮੂਹੋਂ ਇਕਰਾਰ ਕਰਨ ਨਾਲ ਹੀ ਵਿਆਹ ਮੁਕੰਮਲ ਨਹੀਂ ਹੋ ਜਾਦਾ। ਇਸ ਲਈ ਵਿਆਹ ਦੀ ਰਸਮ ਜ਼ਰੂਰੀ ਹੈ।

## ਕੋਈ ਹੋਰ ਸਾਥੀ ਨਹੀਂ

ਰੋਮੀਆਂ 7:1-6 ਵਿਚ ਦੂਜੀ ਸੱਚਾਈ ਦੱਸੀ ਗਈ ਹੈ। ਉੱਥੇ ਪੌਲੁਸ ਨੇ ਜ਼ੋਰ ਦਿੱਤਾ ਹੈ ਕਿ ਬਦਲਣ ਵਾਲੇ ਲਈ ਮਸੀਹ ਨਾਲ ਵਿਆਹ ਕਰਨ ਤੋਂ ਪਹਿਲਾਂ ਆਪਣੇ ਪਹਿਲੇ ਸਾਥੀ ਨੂੰ ਛੱਡਣਾ ਜ਼ਰੂਰੀ ਹੈ। ਉਹਨੇ ਇੱਥੇ ਸਪੱਸ਼ਟ ਕੀਤਾ ਹੈ ਕਿ ਉਹ ਪੁਰਾਣਾ ਸਾਥੀ ਮੂਸਾ ਦੀ ਸ਼ਰ੍ਹਾ ਸੀ। ਮਸੀਹ ਦੀ ਮੌਤ ਨੇ ਸਾਨੂੰ ਉਸ ਤੋਂ ਅਜ਼ਾਦ ਕਰ ਦਿੱਤਾ ਹੈ। ਹੁਣ ਓਸੇ, ਭਾਵ ਮਸੀਹ ਨਾਲ ਜੋ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ, ਵਿਆਹ ਹੋ ਸਕਦਾ ਹੈ। ਇਸ ਮੁੱਦੇ 'ਤੇ ਗਲਾਤੀਆਂ 3:23, 24; ਕੁਲੁੱਸੀਆਂ 2:14; ਇਬਰਾਨੀਆਂ 10:9, 10 ਸਣੇ ਹੋਰ ਆਇਤਾਂ 'ਚ ਵੀ ਜ਼ੋਰ ਦਿੱਤਾ ਗਿਆ ਹੈ। ਜੋ ਲੋਕ ਇੱਕੋ ਵਕਤ ਮੂਸਾ ਦੀ ਸ਼ਰ੍ਹਾ ਅਤੇ ਇੰਜੀਲ ਨਾਲ ਜੁੜਨ ਦੀ ਕੋਸ਼ਿਸ਼ ਕਰਦੇ ਹਨ, ਉਹ ਰੂਹਾਨੀ ਵਿਭਚਾਰ ਦੇ ਦੋਸ਼ੀ ਹਨ।

## ਮਸੀਹ ਦੀ ਇੱਕੋ ਹੀ ਕਲੀਸੀਆ ਹੈ

ਇਸ ਅਲੰਕਾਰ ਵਿਚ ਜਿਸ ਤੀਜੇ ਸਬਕ 'ਤੇ ਜ਼ੋਰ ਦਿੱਤਾ ਗਿਆ ਹੈ ਉਹ ਇਹ ਹੈ ਕਿ ਮਸੀਹ ਦੀ ਕਲੀਸੀਆ ਇੱਕੋ ਹੈ। ਮੈਂ ਇਹ ਨਹੀਂ ਕਿਹਾ ਕਿ ਮੇਰਾ ਖ਼ਿਆਲ ਹੈ ਕਿ ਕਲੀਸੀਆ ਇੱਕੋ ਹੋਣੀ ਚਾਹੀਦੀ ਹੈ; ਨਾ ਹੀ ਮੈਂ ਇਹ ਕਿਹਾ ਕਿ ਕਿਸੇ ਕਾਨਫ਼ਰੰਸ ਵਿਚ ਕਿਸੇ ਗੁੱਟ ਦਾ ਫ਼ੈਸਲਾ ਸੀ ਕਿ ਇੱਕੋ ਕਲੀਸੀਆ ਹੋਵੇ ਤਾਂ ਠੀਕ ਰਹੇਗਾ। ਸਗੋਂ ਨਵਾਂ ਨੇਮ ਸਿਖਾਉਂਦਾ ਹੈ ਕਿ ਮਸੀਹ ਦੀ ਕਲੀਸੀਆ ਇੱਕੋ ਹੀ ਹੈ। ਮੱਤੀ 16:18 ਅਤੇ ਅਫ਼ਸੀਆਂ 5:25 ਵਰਗੀਆਂ ਆਇਤਾਂ ਵਿਚ ਜਿੱਥੇ ''ਕਲੀਸੀਆ'' ਸ਼ਬਦ ਦੀ ਵਰਤੋਂ ਇਕਵਚਨ ਦੇ ਰੂਪ ਵਿਚ ਹੋਈ ਹੈ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ। ਵੱਖੋ-ਵੱਖ ਅਲੰਕਾਰਾਂ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਨਵੇਂ ਨੇਮ ਵਿਚ ਅਜਿਹੇ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ ਜਿਹੜੇ ਇਸ ਮੁੱਦੇ 'ਤੇ ਸੁਭਾਵਕ ਹੀ ਜ਼ੋਰ ਦਿੰਦੇ ਹਨ ਕਿ ਮਸੀਹ ਦੀ *ਇੱਕੋ* ਹੀ ਕਲੀਸੀਆ ਹੈ। ਉਨ੍ਹਾਂ ਵਿੱਚੋਂ ਕੋਈ ਵੀ ਐਨਾ ਮਜ਼ਬੂਤ ਵਿਚਾਰ ਨਹੀਂ ਹੈ ਜਿੰਨਾ ਇਹ ਕਿ ਕਲੀਸੀਆ ਮਸੀਹ ਦੀ ਲਾੜੀ ਹੈ। ਮਸੀਹ ਨੇ ਇਕ ਤੋਂ ਵੱਧ ਪਤਨੀਆਂ ਜਾਂ ਪਤੀ ਰੱਖਣ ਦੀ ਨਿੰਦਿਆ ਕੀਤੀ ਹੈ। ਭਲਾ ਉਹਦੀ ਸਿੱਖਿਆ ਅਤੇ ਵਿਹਾਰ ਵਿਚ ਕੋਈ ਫ਼ਰਕ ਸੀ? ਭਲਾ ਉਹਦੀਆਂ ਇਕ ਤੋਂ ਵੱਧ ਪਤਨੀਆਂ ਹਨ?

## ਕਲੀਸੀਆ ਦੀ ਸ਼ੁੱਧਤਾ

ਹੁਣ ਅਸੀਂ ਇਸ ਅਲੰਕਾਰ ਰਾਹੀਂ ਜ਼ੋਰ ਦਿੱਤੇ ਜਾਣ ਵਾਲੇ ਮੁੱਖ ਸਬਕ ਭਾਵ ਕਲੀਸੀਆ ਦੀ ਸ਼ੁੱਧਤਾ ਵੱਲ ਆਉਂਦੇ ਹਾਂ। ਉਹਦੀ ਲਾੜੀ ਦੇ ਰੂਪ ਵਿਚ ਕਲੀਸੀਆ ਦਾ ਚਿਤਰਣ ਆਪਣੀ ਕਲੀਸੀਆ ਲਈ ਮਸੀਹ ਦੇ ਮਨ ਦੀ ਇੱਜ਼ਤ ਨੂੰ ਵਿਖਾਉਂਦਾ ਹੈ। ਉਹਨੇ ਇਹਨੂੰ ਪਵਿੱਤਰ ਅਤੇ ਸ਼ੁੱਧ ਕੀਤਾ ਹੈ। ਉਹ ਆਪਣੀ ਲਾੜੀ ਨਾਲ ਲਗਾਅ ਰੱਖਦਾ ਹੈ। ਉਹ ਉਹਨੂੰ ਬੇਦਾਗ਼ ਜਲਾਲੀ ਲਾੜੀ ਦੇ ਰੂਪ ਵਿਚ ਵੇਖਣਾ ਚਾਹੁੰਦਾ ਹੈ। ਮਸੀਹ ਉਨ੍ਹਾਂ ਨੂੰ ਲੈਣ ਆ ਰਿਹਾ ਹੈ ਜਿਨ੍ਹਾਂ ਨੇ ਸ਼ੁੱਧ ਜ਼ਿੰਦਗੀਆਂ ਗੁਜ਼ਾਰੀਆਂ ਹਨ। ਉਹਦੀ ਲਾੜੀ ਅਸ਼ੁੱਧ ਅਤੇ ਅਪਵਿੱਤਰ ਲੋਕਾਂ ਨਾਲ ਨਹੀਂ ਬਣੀ ਹੋਵੇਗੀ। ਇਸ ਸੱਚਾਈ ਵਿਚ ਕਲੀਸੀਆ ਦੇ ਹਰ ਮੈਂਬਰ ਨੂੰ ਇਹ ਸਮਝ ਆ ਜਾਣੀ ਚਾਹੀਦੀ ਹੈ ਕਿ ਉਹਦੀ ਜ਼ਿੰਦਗੀ ਕਿਹੋ ਜਿਹੀ ਹੋਣੀ ਜ਼ਰੂਰੀ ਹੈ ਤਾਂ ਜੋ ਦੁਬਾਰਾ ਆਉਣ 'ਤੇ ਮਸੀਹ ਨੂੰ ਉਹਨੂੰ ਆਪਣਾ ਕਹਿਣ ਵਿਚ ਫ਼ਖ਼ਰ ਮਹਿਸੂਸ ਹੋਵੇ (ਅਫ਼ਸੀਆਂ 5:23-35)।

## ਸਾਰ

ਕਲੀਸੀਆ ਦੇ ਰੂਪ ਵਿਚ ਜਾਣੀ ਜਾਣ ਵਾਲੀ ਖ਼ੂਬਸੂਰਤ ਅਤੇ ਮਹੱਤਵਪੂਰਣ ਹਸਤੀ ਮਸੀਹ ਦੀ ਲਾੜੀ ਹੀ ਹੈ। ਖ਼ੁਦਾ ਕਰੇ ਕਿ ਪਵਿੱਤਰ ਆਤਮਾ ਵੱਲੋਂ ਵਰਤੀ ਗਈ ਇਸ ਤਸਵੀਰ ਤੋਂ ਸਾਨੂੰ ਕਲੀਸੀਆ ਦੀ ਅਹਿਮੀਅਤ ਦੀਆਂ ਬੇਸ਼ਕੀਮਤੀ ਗਹਿਰਾਈਆਂ ਨੂੰ ਸਮਝਣ ਦੀ ਮਦਦ ਮਿਲੇ।